ਨਵੀਂ ਡਾਕ/ਮਿਤੀ 28/2/19

ਸੀ.ਈ.ਓ.,
ਚੀਫ਼ ਵਾਟਰ ਸਪਲਾਈ ਐਂਡ,
ਸੀਵਰੇਜ ਬੋਰਡ ਚੰਡੀਗੜ੍ਹ, ਪਲੌਟ ਨੰ: 1-B ਮਧੀਆ ਮਾਰਗ
ਸੈਕਟਰ 27-A

ਵਿਸ਼ਾ:- ਵਾਟਰ ਟਰੀਟਮੈਂਟ ਪਲਾਂਟ ਦੀਆਂ ਪਾਈਪਾਂ ਲੀਕ ਕਰਨ ਬਾਰੇ ਅਤੇ ਤਿਲਕ ਰਾਜ ਐਸ.ਡੀ.ਓ. ਵੱਲੋਂ ਠੇਕੇਦਾਰ ਕੋਲੋਂ ਮੋਟੀ ਕਮਿਸ਼ਨ ਲੈ ਕੇ ਮਾੜੀ ਪਾਈਪਲਾਈਨ ਪਾਉਣ ਸਬੰਧੀ ਬਿਨੇ-ਪੱਤਰ।

ਸ਼੍ਰੀਮਾਨ ਜੀ,

ਬੇਨਤੀ ਹੈ ਕਿ ਵਾਟਰ ਸਪਲਾਈ ਐਂਡ ਸੀਵਰੇਜ਼ ਬੋਰਡ ਜਲੰਧਰ ਵੱਲੋਂ ਇੱਕ ਟਰੀਟਮੈਂਟ ਪਲਾਂਟ ਆਲੋਵਾਲ਼ ਰੋਡ, ਪਿੰਡ ਨੰਗਲ ਬੇਟ ਦੀ ਜ਼ਮੀਨ ਵਿੱਚ ਲਗਾਇਆ ਗਿਆ ਹੈ। ਇਸ ਪਲਾਂਟ ਦੀ ਪਾਈਪਲਾਈਨ ਪਿੰਡ ਨੰਗਲ ਆਲੋਵਾਲ਼ ਰੋਡ ਦੇ ਨਾਲ਼ ਹੋ ਕੇ ਪਿੰਡ ਆਲੋਵਾਲ਼ ਵਿੱਚੋਂ ਲੰਘ ਕੇ ਸਤਲੁਜ ਦਰਿਆ ਵਿੱਚ ਪੈਂਦੀ ਹੈ। ਇਸ ਪਲਾਂਟ ਨੂੰ ਚੱਲਦਿਆਂ ਦੋ ਸਾਲ ਹੋ ਗਏ ਹਨ। ਜਦੋਂ ਤੋਂ ਇਹ ਪਲਾਂਟ ਚਾਲੂ ਹੋਇਆ ਹੈ ਇਸ ਦੀ ਪਾਈਪ ਲਾਈਨ ਬਹੁਤ ਜਗ੍ਹਾ ਤੋਂ ਲੀਕ ਕਰਦੀ ਹੈ। ਅਸੀਂ ਇਲਾਕਾ ਨਿਵਾਸੀ 14-15 ਅਰਜ਼ੀਆਂ ਸੀਵਰੇਜ਼ ਬੋਰਡ ਨੂੰ ਦੇ ਚੁੱਕੇ ਹਾਂ। ਕਈ ਵਾਰ ਇਸ ਨੂੰ ਜੋੜ ਵੀ ਲਗਾਏ ਗਏ ਹਨ ਪਰ ਇਹ ਪਾਈਪ ਲਾਈਨ ਠੀਕ ਨਹੀਂ ਹੋਈ। ਪਾਈਪ ਲਾਈਨ ਲੀਕ ਕਰਨ ਨਾਲ਼ ਪੱਕੀ ਸੜਕ ਵੀ ਟੁੱਟ ਚੁੱਕੀ ਹੈ ਅਤੇ ਲੋਕਾਂ ਦੀ ਫਸਲ ਦਾ ਬਹੁਤ ਨੁਕਸਾਨ ਹੁੰਦਾ ਹੈ। ਆਪਣੀ ਫਸਲ ਬਚਾਉਣ ਲਈ ਲੋਕਾਂ ਨੇ ਪੱਕੀ ਸੜਕ ਦੇ ਦੁਆਲ਼ੇ ਉੱਚੀ ਵੱਟ ਲਗਾ ਦਿੱਤੀ ਹੈ । ਹੁਣ ਲੀਕੇਜ ਨਾਲ਼ ਸੜਕ ਵਿੱਚ ਪਾਣੀ ਭਰ ਚੁੱਕਾ ਹੈ ਅਤੇ ਇਹ ਸੜਕ ਨਾਲ਼ੇ ਦਾ ਰੂਪ ਧਾਰਨ ਕਰ ਗਈ ਹੈ। ਆਲੋਵਾਲ਼, ਕੋਲੇਵਾਲ਼ ਅਤੇ ਨੰਗਲ ਬੇਟ ਦੇ ਲੋਕਾਂ ਨੂੰ ਇਸ ਸੜਕ ਵਿੱਚੋਂ ਲੰਘਣਾ ਬਹੁਤ ਮੁਸ਼ਕਿਲ ਹੋ ਗਿਆ ਹੈ, ਇਹਨਾਂ ਪਿੰਡਾਂ ਦੇ ਬੱਚੇ ਸਕੂਲ ਨਹੀਂ ਜਾ ਸਕਦੇ ਮਜ਼ਦੂਰ ਅਤੇ ਹੋਰ ਲੋਕ ਕੰਮ ਤੇ ਨਹੀਂ ਜਾ ਸਕਦੇ।

ਜਦੋਂ ਇਹ ਪਾਈਪਲਾਈਨ ਪਾਈ ਗਈ ਸੀ ਉਸ ਟਾਈਮ ਤਿਲਕ ਰਾਜ ਜੇ.ਈ. ਸੀ ਉਸ ਟਾਈਮ ਇਸ ਨੇ ਹੁੰਦੇ ਕੰਮ ਨੂੰ ਆ ਕੇ ਚੈੱਕ ਨਹੀਂ ਕੀਤਾ ਅਤੇ ਨਾ ਹੀ ਪਾਈਪਾਂ ਹੇਠ ਚੰਗੀ ਤਰ੍ਹਾਂ ਰੋੜੀ ਪਾਈ ਗਈ ਸੀ। ਪਾਈਪਾਂ ਵਿੱਚ ਜੋੜਾਂ ਦੇ ਰਬੜ ਰਿੰਗ ਠੀਕ ਤਰਾਂ ਨਹੀਂ ਪਾਏ ਗਏ ਹਨ। ਤਿਲਕ ਰਾਜ ਨੇ ਠੇਕੇਦਾਰ ਕੋਲੋਂ ਮੋਟੀ ਕਮਿਸ਼ਨ ਲੈ ਕੇ ਉਸ ਨੂੰ ਮਾੜੀ ਪਾਈਪਲਾਈਨ ਪਾਉਣ ਦੀ ਖੁੱਲ੍ਹੀ ਛੁੱਟੀ ਦੇ ਦਿੱਤੀ ਸੀ। ਹੁਣ ਇਸ ਪਾਈਪਲਾਈਨ ਦਾ ਖਮਿਆਜ਼ਾ ਲੋਕਾਂ ਨੂੰ ਭੁਗਤਣਾ ਪੈ ਰਿਹਾ ਹੈ। ਪਿਛਲੇ ਸਾਲ ਗੁਰਦੇਵ ਸਿੰਘ ਦਾ ਇੱਕ ਖੇਤ ਗਾਜਰ ਅਤੇ ਪਰਮਜੀਤ ਸਿੰਘ (ਜੰਗੀ) ਦੇ ਚਾਰ ਖੇਤ ਕਣਕ ਦੇ ਖਰਾਬ ਹੋ ਗਏ ਸਨ।

ਹੁਣ ਸੀਵਰੇਜ਼ ਬੋਰਡ ਜਲੰਧਰ ਨੇ ਤਿੰਨ ਹੌਦੀਆਂ 10-10 ਫੁੱਟ ਉੱਚੀਆਂ ਗੈਸ ਨਿਕਲਣ ਲਈ ਬਣਾਈਆਂ ਹਨ। ਵਿਚਕਾਰਲੀ ਇੱਕ ਹੌਦੀ ਪਾਣੀ ਦੇ ਜ਼ੋਰ ਨਾਲ਼ ਢਹਿ ਗਈ ਹੈ। ਇੱਕ ਹੌਦੀ ਜੋ ਗੁਰਦੇਵ ਸਿੰਘ ਦੇ ਖੇਤਾਂ ਦੇ ਕੋਲ਼ ਹੈ ਉਸ ਵਿੱਚੋਂ ਓਵਰ ਫਲੋਅ ਹੋ ਕੇ ਪਾਣੀ ਨਿਕਲਦਾ ਹੈ। ਹੁਣ 3-4 ਦਿਨਾਂ ਤੋਂ ਇਸ ਹੌਦੀ ਵਿੱਚੋਂ ਲਗਾਤਾਰ ਪਾਣੀ ਨਿਕਲ ਰਿਹਾ ਹੈ। ਇਸ ਪਾਣੀ ਨਾਲ਼ ਗੁਰਦੇਵ ਸਿੰਘ ਦੀ ਢਾਈ ਖੇਤ ਗਾਜਰ ਖਰਾਬ ਹੋ ਰਹੀ ਹੈ।

ਇਸ ਪਾਈਪ ਲਾਈਨ ਦੀ ਮਸ਼ੀਨ ਦੇ ਨਾਲ਼ ਸਫਾਈ ਕਰਵਾਈ ਜਾਵੇ ਤਾਂ ਜੋ ਪਾਈਪ ਲਾਈਨ ਖੁੱਲ ਸਕੇ ਅਤੇ ਜ਼ਿਮੀਦਾਰਾਂ ਦਾ ਨੁਕਸਾਨ ਹੋਣੋਂ ਬਚ ਸਕੇ।ਹੁਣ ਛੋਟਾ ਜ਼ਿਮੀਦਾਰ ਜ਼ਮੀਨ ਠੇਕੇ ਤੇ ਲੈ ਕੇ ਵਾਹੀ ਕਰਦਾ ਹੈ।

Scanned by CamScanner

ਜਿਸ ਜ਼ਿਮੀਦਾਰ ਦੀ ਫਸਲ ਖਰਾਬ ਹੋ ਜਾਂਦੀ ਉਹ ਟੈਨਸ਼ਨ ਵਿੱਚ ਆ ਜਾਂਦਾ ਹੈ। ਜੇਕਰ ਕਿਸੇ ਕਿਸਾਨ ਨੇ ਟੈਨਸ਼ਨ ਵਿੱਚ ਆ ਕੇ ਆਤਮ ਹੱਤਿਆ ਕਰ ਲਈ ਤਾਂ ਇਸ ਦੇ ਜ਼ਿੰਮੇਵਾਰ ਸੀਵਰੇਜ ਬੋਰਡ ਜਲੰਧਰ ਅਤੇ ਫਿਲੌਰ ਵਾਲੇ ਹੋਣਗੇ।

ਕਿਰਪਾ ਕਰਕੇ ਮੌਕਾ ਦੇਖਿਆ ਜਾਵੇ ਅਤੇ ਇਨਕੁਆਰੀ ਕਰਕੇ ਦੋਸ਼ੀ ਅਫਸਰਾਂ ਨੂੰ ਸਜ਼ਾ ਦਿੱਤੀ ਜਾਵੇ। ਜਿਹਨਾਂ ਜ਼ਿਮੀਦਾਰਾਂ ਦੀ ਫਸਲ ਖਰਾਬ ਹੋਈ ਹੈ ਉਹਨਾਂ ਨੂੰ ਮੁਆਵਜ਼ਾ ਦੁਆਇਆ ਜਾਵੇ। ਅਸੀਂ ਆਪ ਜੀ ਦੇ ਬਹੁਤ ਧੰਨਵਾਦੀ ਹੋਵਾਂਗੇ।

ਆਪ ਜੀ ਦੇ ਸ਼ੁੱਭ-ਚਿੰਤਕ

ਮਿਤੀ....27/2/19..

ਇਲਾਕਾ ਨਿਵਾਸੀ

Gurdev Singh 98785-69026

Inderjit Singh

ਹਰਦੀਪ ਸਿੰਘ

ਉਤਾਰਾ ਨਕਲ:

1. ਐਸ.ਡੀ.ਐਮ ਸਾਹਿਬ , ਫਿਲੌਰ।
2. ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ, ਜਲੰਧਰ।
3. ਨਿਗਰਾਨ ਇੰਜੀਨੀਅਰ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼, ਹਲਕਾ ਜਲੰਧਰ
4. ਡੀ.ਸੀ. ਸਾਹਿਬ, ਜਲੰਧਰ।
5. ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਜਲੰਧਰ।
6. ਨਿਰਮਲ ਕੁਟੀਆ, ਸੀਚੇਵਾਲ।
7. ਪੰਜਾਬ ਵਾਟਰ ਸਪਲਾਈ ਐਂਡ ਸੀਵਰੇਜ ਬੋਰਡ ਚੰਡੀਗੜ੍ਹ

98720-38698

**ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ**
**ਪਲਾਟ ਨੰ:1-ਬੀ, ਸੈਕਟਰ 27-ਏ, ਚੰਡੀਗੜ।**

ਪਿੱਠ ਅੰਕਣ ਨੰ: ਪਵਸਸਬ-2019/ਵ-1/ 5097 ਮਿਤੀ: 12/3/19

ਉਪਰੋਕਤ ਦੀ ਨਕਲ ਮੁੱਖ ਇੰਜੀਨੀਅਰ(ਪੱਛਮ), ਪੰਜਾਬ ਵ/ਸ ਅਤੇ ਸੀਵਰੇਜ ਬੋਰਡ, ਅੰਮ੍ਰਿਤਸਰ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਵਿਸ਼ੇ ਅੰਕਿਤ ਮਾਮਲੇ ਸਬੰਧੀ ਲੋੜੀਂਦੀ ਕਾਰਵਾਈ ਕਰਨ ਉਪਰੰਤ ਢੁੱਕਵਾਂ ਜਵਾਬ ਸਬੰਧਤ ਨੂੰ ਭੇਜਦੇ ਹੋਏ ਸੂਚਨਾ ਇਸ ਦਫਤਰ ਨੂੰ ਵੀ ਭੇਜੀ ਜਾਵੇ।

11/3

ਕਾਰਜਕਾਰੀ ਇੰਜੀਨੀਅਰ(ਵ)
ਵਾਸਤੇ ਮੁੱਖ ਕਾਰਜਕਾਰੀ ਅਫਸਰ

7/3

Scanned by CamScanner